## ਦਫ਼ਤਰ, ਚੋਣਕਾਰ ਰਜਿਸਟਰੇਸ਼ਨ ਅਫ਼ਸਰ,

092 ਬਠਿੰਡਾ ਸ਼ਹਿਰੀ ਵਿਧਾਨ ਸਭਾ ਹਲਕਾ-ਕਮ-ਉਪ ਮੰਡਲ ਮੈਜਿਸਟਰੇਟ, ਬਠਿੰਡਾ।
ਕਮਰਾ ਨੰ: 316 ਦੂਜੀ ਮੰਜਲ ਮਿੰਨੀ ਸਕੱਤਰੇਤ, ਬਠਿੰਡਾ।

ਫੋਨ ਨੰ: 0164-2212525
Email:ero92bathindaurban@gmail.com


ਜਿੰਮੇਵਾਰ ਬਣੋ,ਵੋਟਰ ਬਣੋ
ਪੱਤਰ ਨੰ 427-429../2024 ਚੋਣਾਂ

ਜਿੰਮੇਵਾਰ ਬਣੋ,ਵੋਟਰ ਬਣੋ
ਮਿਤੀ:..19/08......./2024

ਵੱਲ

1. ਸਮੂਹ ਵਿਭਾਗਾਂ/ਦਫਤਰਾਂ ਦੇ ਮੁੱਖੀ,
2. ਜਿਲ੍ਹਾ ਸਿੱਖਿਆ ਅਫਸਰ, ਸੈਕੰਡਰੀ/ਐਲੀਮੈਂਟਰੀ
   ਬਠਿੰਡਾ।

ਵਿਸ਼ਾ:- Door to Door survey by BLOs during SSR 2025 Regarding.

ਹਵਾਲਾ:- ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਦਾ ਪੱਤਰ ਨੰ: ਚੋਣ-2023/5814-19 ਮਿਤੀ: 14.08.2024

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਰਾਹੀਂ ਪ੍ਰਾਪਤ ਹੋਈਆਂ ਹਦਾਇਤਾਂ ਦੇ ਸਬੰਧ ਵਿਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਯੋਗਤਾ ਮਿਤੀ: 01.01.2025 ਦੇ ਆਧਾਰ ਤੇ Pre-Revesion Acitvities Schedule ਪ੍ਰਾਪਤ ਹੋਇਆ ਹੈ ਜੋ ਕਿ ਆਪ ਨੂੰ ਇਸ ਪੱਤਰ ਨਾਲ ਨੱਥੀ ਕਰਕੇ ਭੇਜਿਆ ਜਾਂਦਾ ਹੈ। ਜਿਸ ਅਨੁਸਾਰ ਮਿਤੀ: 20.08.2024 ਤੋਂ 20.09.2024 ਤੱਕ ਬੀ.ਐਲ.ਓਜ਼ ਦੁਆਰਾ ਡੋਰ ਟੂ ਡੋਰ ਸਰਵੇ ਕੀਤਾ ਜਾਣਾ ਹੈ ਅਤੇ ਫਾਰਮ ਨੰ. 6, 6ਏ, 6ਬੀ, 7 ਅਤੇ 8 ਭਰੇ ਜਾਣੇ ਹਨ। ਇਸ ਤੋਂ ਇਲਾਵਾ ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਡੋਰ ਟੂ ਡੋਰ ਸਰਵੇ ਕਰਨ ਦੌਰਾਨ ਐਸ.ਜੀ.ਪੀ.ਸੀ. ਚੋਣਾਂ ਦੇ ਸਬੰਧ ਵਿਚ ਵੱਧ ਤੋਂ ਵੱਧ ਫਾਰਮ ਭਰਵਾਏ ਜਾਣ ਤਾਂ ਜੋ ਜਿਆਦਾ ਤੋਂ ਜਿਆਦਾ ਵੋਟਰ ਰਜਿਸਟਰ ਕੀਤੇ ਜਾ ਸਕਣ। ਇਹਨਾਂ ਕੰਮਾਂ ਨੂੰ ਮਿੱਥੇ ਸਮੇਂ ਵਿਚ ਹਰ ਹਾਲ ਵਿਚ ਪੂਰਾ ਕੀਤਾ ਜਾਣ ਲਈ ਹਦਾਇਤਾਂ ਜਾਰੀ ਹੋਈਆਂ ਹਨ। ਇਸ ਤੋਂ ਇਲਾਵਾ ਆਪ ਨੂੰ ਲਿਖਿਆ ਜਾਂਦਾ ਹੈ ਕਿ ਬੀ.ਐਲ.ਓਜ਼ ਵੱਲੋਂ ਡੋਰ ਟੂ ਡੋਰ ਜਾ ਕੇ ਸਰਵੇ ਦੇ ਕੰਮ ਨੂੰ ਮੁੱਖ ਰੱਖਦਿਆਂ ਇਸ ਅਵਧੀ ਦੌਰਾਨ ਸਮੂਹ ਟੀਚਿੰਗ/ਨਾਨ-ਟੀਚਿੰਗ ਸਟਾਫ, ਜਿਨ੍ਹਾਂ ਦੀ ਬਤੌਰ ਬੀ.ਐਲ.ਓ ਇਸ ਵਿਧਾਨ ਸਭਾ ਹਲਕੇ ਵਿਚ ਡਿਊਟੀ ਲੱਗੀ ਹੋਈ ਹੈ, ਨੂੰ ਉਕਤ ਸ਼ਡਿਊਲ ਅਨੁਸਾਰ ਦਿਨ ਮੰਗਲਵਾਰ ਅਤੇ ਵੀਰਵਾਰ ਨੂੰ (20.08.2024 ਤੋਂ 20.09.2024 ਤੱਕ) ਨੂੰ ਚੋਣ ਡਿਊਟੀ ਲਈ ਦਫਤਰੀ ਡਿਊਟੀ ਤੋਂ ਫਾਰਗ ਕੀਤਾ ਜਾਵੇ। ਇਨ੍ਹਾਂ ਹਦਾਇਤਾਂ ਨੂੰ ਆਪਣੇ ਵਿਭਾਗ/ਸਕੂਲ ਦੇ ਮੁੱਖੀਆਂ ਨੂੰ ਤੁਰੰਤ ਭੇਜੀਆਂ ਜਾਣ ਤਾਂ ਜੋ ਡੋਰ ਟੂ ਡੋਰ ਸਰਵੇ ਦਾ ਕੰਮ ਨੂੰ ਨਿਰਵਿਘਨ ਮੁਕੰਮਲ ਕੀਤਾ ਜਾ ਸਕੇ।

ਸੋ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਕੰਮ ਕਰ ਰਹੇ ਸਮੂਹ ਕਰਮਚਾਰੀ, ਜਿਨ੍ਹਾਂ ਦੀ 092 ਬਠਿੰਡਾ ਸ਼ਹਿਰੀ ਵਿਧਾਨ ਸਭਾ ਹਲਕੇ ਵਿੱਚ ਬਤੌਰ ਬੀ.ਐਲ.ਓ ਡਿਊਟੀ ਲੱਗੀ ਹੋਈ ਹੈ, ਨੂੰ ਹਦਾਇਤ ਕੀਤੀ ਜਾਵੇ ਕਿ ਉਹ ਮਿਤੀ: 20.09.2024 ਤਕ ਹਰ ਹਾਲਤ ਵਿਚ ਮੁਕੰਮਲ ਕਰਨਗੇ ਅਤੇ ਸਬੰਧਤ ਸੁਪਰਵਾਈਜ਼ਰ ਨੂੰ ਰਿਪੋਰਟ ਭੇਜਣਾ ਯਕੀਨੀ ਬਣਾਉਣਗੇ। ਜੇਕਰ ਕਿਸੇ ਸਕੂਲ ਵਿਚ ਇੱਕ ਜਾਂ ਇੱਕ ਤੋਂ ਵੱਧ ਅਧਿਆਪਕਾਂ ਦੀ ਡਿਊਟੀ ਬਤੌਰ ਬੀ.ਐਲ.ਓ ਲੱਗੀ ਹੈ ਅਤੇ ਉਹ ਆਪਣਾ ਰੋਸਟਰ ਬਣਾ ਲੈਣ ਤਾਂ ਜੋ ਸਕੂਲ ਨੂੰ ਖਾਲੀ ਨਾ ਛੱਡਿਆ ਜਾਵੇ ਅਤੇ ਜੇਕਰ ਕਿਸੇ ਸਕੂਲ ਵਿਚ ਇੱਕ ਹੀ ਅਧਿਆਪਕ ਹੈ ਤੇ ਉਹ ਬੀ.ਐਲ.ਓ ਲਗਾਇਆ ਹੋਇਆ ਹੈ ਤਾਂ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ, ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਬਠਿੰਡਾ ਸੰਬੰਧਿਤ ਬੀ.ਪੀ.ਈ.ਓਜ਼ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਉਸ ਸਕੂਲ ਵਿਚ ਅਧਿਆਪਕ ਦਾ ਪ੍ਰਬੰਧ ਕਰਨ ਦੇ ਜਿੰਮੇਵਾਰ ਹੋਣਗੇ ਤਾਂ ਜੋ ਕੰਮ ਨੂੰ ਨਿਰਵਿਘਨਤਾ ਨਾਲ ਕੀਤਾ ਜਾ ਸਕੇ।

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
092 ਬਠਿੰਡਾ ਸ਼ਹਿਰੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

ਨੱਥੀ: ਸ਼ਡਿਊਲ

ਮਿਤੀ: 19-08-2024

ਪਿ਼ਠ ਅੰਕਣ ਨੰ: 430-431
ਇਸ ਦਾ ਇੱਕ ਉਤਾਰਾ:
1. ਜਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਸੂਚਨਾ ਹਿਤ ਭੇਜਿਆ ਜਾਂਦਾ ਹੈ ਜੀ।
2. ਸਮੂਹ ਸੈਕਟਰ ਅਫਸਰ 092 ਬਠਿੰਡਾ ਸ਼ਹਿਰੀ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਆਉਂਦੇ ਸਮੂਹ ਬੀ.ਐਲ.ਓਜ਼. ਤੋਂ ਮਿੱਥੇ ਸਮੇਂ ਦੌਰਾਨ ਕੰਮ ਨੂੰ ਮੁਕੰਮਲ ਕਰਨਾ ਯਕੀਨੀ ਬਣਾਇਆ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ,
092 ਬਠਿੰਡਾ ਸ਼ਹਿਰੀ-ਕਮ-
ਉਪ ਮੰਡਲ ਮੈਜਿਸਟਰੇਟ, ਬਠਿੰਡਾ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-1/1 ( )2024/ 6090 ਮਿਤੀ: 02/09/2024

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਜ਼ਿਲਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ।